SIKH COUNCIL UK

A UNITED VOICE

21-09-2011

FOR IMMEDIATE RELEASE

21-09-2011

## ਸਿੱਖ ਕੌਂਸਲ ਵਲੋਂ ਪਰੈਸ ਰਲੀਜ਼

◆ ਆਪ ਸਭ ਭਲੀ ਭਾਂਤ ਜਾਣਦੇ ਹੋ ਕਿ ਸਿੱਖ ਚੈਨਲ ਵਲੋਂ ਤਹਿ ਕੀਤੇ 'ਦਸਤਾਰ ਡੇ' ਸਬੰਧੀ ਸਿੱਖ ਮੀਡੀਏ ਵਿਚ ਭਖਵੀਂ ਬਹੀਸ ਹੋ ਰਹੀ ਹੈ। ਇਸ ਸਬੰਧੀ ਦੋ ਅਹਿਮ ਮੁੱਦੇ ਧਿਆਨ ਗੋਚਰੇ ਹਨ-

◆ ੧) ਇਸ ਤਰਾਂ ਦੇ ਪ੍ਰੋਗ੍ਰਾਮਾਂ ਸਬੰਧੀ ਮੀਡੀਏ ਦਾ ਕੀ ਰੋਲ ਹੋਣਾਂ ਚਾਹੀਦਾ ਹੈ?

◆ ੨) ਕੀ ਮੌਜੂਦਾ ਸਮੇਂ ਇਸ ਤਰਾਂ ਦੇ ਕਿਸੇ ਮੁਜਾਹਰੇ ਦੀ ਸਾਨੂੰ ਲੋੜ ਹੈ?

ਯੂ ਕੇ ਵਿਚ ਸਿੱਖ ਮੀਡੀਏ ਦੀ ਚੜ੍ਹਤ ਨਾਲ ਇਹ ਸੰਭਾਵਨਾਵਾਂ ਪ੍ਰਗਟ ਹੋਣ ਲੱਗੀਆਂ ਹਨ ਕਿ ਸਾਡੇ ਇਸ ਮੀਡੀਏ ਦੇ ਹਾਂ ਪੱਖੀ ਰੋਲ ਨਾਲ ਸੰਸਾਰਕ ਪੱਧਰ ਤੇ ਸਾਡੇ ਪੰਥਕ ਅਕਸ ਨੂੰ ਅਸੀਮ ਬੜਾਵਾ ਪ੍ਰਾਪਤ ਹੋ ਸਕਦਾ ਹੈ। ਇਸ ਲਈ ਲੋੜ ਹੈ ਕਿ ਸਾਡਾ ਮੀਡੀਆ ਵਗੈਰ ਕਿਸੇ ਕਿਸਮ ਦੀ ਤਰਫਦਾਰੀ ਅਤੇ ਪੱਖਪਾਤ ਤੋਂ ਅਜ਼ਾਦਾਨਾਂ ਤੌਰ ਤੇ ਵਿਚਰਦਾ ਹੋਇਆ ਜਾਇਜ਼ ਦਿਸ਼ਾ ਨਿਰਦੇਸ਼ਾਂ ਦੀ ਪਾਲਣਾਂ ਕਰੇ। ਸਿੱਖ ਕੌਂਸਲ ਯੂ ਕੇ ਪ੍ਰਸਪਰ ਸਹਿਯੋਗ ਅਤੇ ਮਾਰਗ ਦਰਸ਼ਨ ਲਈ ਇਹ ਸੰਦੇਸ਼ ਜਾਰੀ ਕਰ ਰਹੀ ਹੈ-

1) ਇਸ ਤਰਾਂ ਦੇ ਪ੍ਰੋਗ੍ਰਾਮ ਉਲੀਕਣ ਸਬੰਧੀ ਮੀਡੀਏ ਦਾ ਰੋਲ- ਸਿੱਖ ਕੌਂਸਲ ਯੂ ਕੇ ਅਤੇ ਇਸ ਦੇ ਮੈਂਬਰਾਂ ਅਨੁਸਾਰ ਮੀਡੀਏ ਨੂੰ ਇਸ ਤਰਾਂ ਦੇ ਪ੍ਰੋਗਾਮ ਨਹੀਂ ਉਲੀਕਣੇ ਚਾਹੀਦੇ। ਇਸ ਤਰਾਂ ਕਰਨ ਨਾਲ ਉਹ ਖੁਦ ਨੂੰ ਇਕ ਭਾਈਚਾਰਕ ਜਥੇਬੰਦੀ ਹੋਣ ਦਾ ਭੁਲੇਖਾ ਪਾਉਂਦੇ ਹਨ।
ਸਾਡਾ ਮੰਨਣਾਂ ਹੈ ਕਿ ਇਸ ਸਮੇ ਮੀਡੀਏ ਅਤੇ ਜਥੇਬੰਦੀਆਂ ਦੇ ਰੋਲ ਸਬੰਧੀ ਅਸੂਲ ਤਹਿ ਕਰਨੇ ਜ਼ਰੂਰੀ ਹਨ। ਇਸ ਤਰਾਂ ਕਰਨ ਨਾਲ ਭਵਿੱਖ ਦੇ ਰੋਲ ਘਚੋਲੇ ਅਤੇ ਟਕਰਾਓ ਤੋਂ ਬਚਿਆ ਜਾ ਸਕਦਾ ਹੈ। ਇਸ ਮੁੱਦੇ ਨੂੰ ਬਹੁਤ ਜ਼ਰੂਰੀ ਅਤੇ ਅਹਿਮ ਸਮਝ ਕੇ ਸਿੱਖ ਕੌਂਸਲ ਤਤਕਾਲੀ ਅਗਵਾਈ ਦੇਣ ਲਈ ਤਤਪਰ ਹੈ।

2) ਕੀ ਇਸ ਸਮੇਂ ਇਸ ਤਰਾਂ ਦੇ ਕਿਸੇ ਮੁਜ਼ਾਹਰੇ ਦੀ ਲੋੜ ਹੈ?

ਕਿਸੇ ਵੀ ਡੈਮੋਕਰੇਟਕ ਪ੍ਰਬੰਧ ਵਿਚ ਆਪਣੇ ਹੱਕਾਂ ਦੀ ਰਣਨੀਤੀ ਵਿਚ ਮੁਜ਼ਾਹਰਿਆਂ ਜਾਂ ਵਿਖਾਵਿਆਂ ਦਾ ਜਾਇਜ਼ ਅਤੇ ਅਹਿਮ ਰੋਲ ਹੁੰਦਾ ਹੈ। ਪਰ ਬਹੁਤ ਖਰਚੀਲੇ ਅਤੇ ਵੱਡੇ ਵੱਡੇ ਮੁਜ਼ਾਹਰੇ ਨਿਤਾਪ੍ਰਤ ਦੇ ਜੀਵਨ ਵਿਚ ਹਲਚਲ ਪੈਦਾ ਕਰਨ ਵਾਲੇ ਅਤੇ ਦੇਸ਼ ਦੇ ਵਸਨੀਕਾਂ ਦੀ ਨਿਗ੍ਹਾ ਵਿਚ ਚੜ੍ਹਨ ਵਾਲੇ ਹੋਣ ਕਾਰਨ ਲੋਕਲ ਮੀਡੀਏ ਅਤੇ ਲੋਕਾਂ ਨੂੰ ਸਾਡੇ ਖਿਲਾਫ ਕਰ ਸਕਦੇ ਹਨ ਇਸ ਲਈ ਇਸ ਤਰਾਂ ਦੇ ਮੁਜ਼ਹਰੇ ਬਹੁਤ ਸੰਕੋਚ ਨਾਲ ਘੱਟ ਤੋਂ ਘੱਟ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਦੋਂ ਹੋਰ ਸਾਰੇ ਵਸੀਲੇ ਨਕਾਰਾ ਹੋ ਜਾਣ ਤਾਂ ਇਸ ਕਿਸਮ ਦੇ ਮੁ਼ਜਾਹਰਿਆਂ ਦੀ ਅਹਿਮੀਅਤ ਕੁਝ ਦਬਾਓ ਪਾਉਣ ਲਈ ਹੀ ਹੁੰਦੀ ਹੈ।

ਸਾਡੀ ਇਹ ਸਮਝ ਹੈ ਕਿ ਇਸ ਸਮੇਂ ਯੂ ਕੇ ਦੀਆਂ ਏਅਰਪੋਰਟਾਂ ਤੇ ਦਸਤਾਰ ਚੈਕ ਕਰਨ ਦੇ ਮੁੱਦੇ ਤੇ ਕਿਸੇ ਕਿਸਮ ਦਾ ਕੋਈ ਮੁਜ਼ਾਹਰਾ ਕਰਨ ਦਾ ਕੋਈ ਤੁਕ ਨਹੀਂ ਬਣਦਾ। ਭਾਵੇਂ ਕਿ ਯੂਰਪ ਦੇ ਦੂਸਰੇ ਦੇਸ਼ਾਂ ਵਿਚ ਉਥੋਂ ਦੇ ਵਸਨੀਕ ਸਿੱਖਾਂ ਨੇ ਇਹ ਫੈਸਲਾ ਕਰਨਾਂ ਹੈ ਕਿ ਕੀ ਉਹਨਾਂ ਨੂੰ ਕਿਸੇ ਕਿਸਮ ਦੇ ਮੁਜਾਹਰੇ ਦੀ ਲੋੜ ਹੈ ਜਾਂ ਨਹੀਂ, ਪਰ ਤਾਂ ਭੀ ਸਿੱਖ ਜਥੇਬੰਦੀਆਂ ਨਾਲ ਯੂਰਪ ਵਿਚ ਚਲ ਰਹੀ ਗਲਬਾਤ ਅਤੇ ਯੁਰਪੀ ਲੈਵਲ ਤੇ ਸਰਕਾਰੀ ਸੰਸਥਾਂਵਾਂ ਨਾਲ ਪ੍ਰਸਪਰ ਬਣ ਰਹੇ ਸਬੰਧਾਂ ਦੇ ਮੱਦੇ ਨਜ਼ਰ ਕਿਸੇ ਵੀ ਪੰਥਕ ਇਕੱਠ ਵਿਚ ਇਕਸਾਰਤਾ ਰੱਖਣੀ ਲਾਹੇਬੰਦ ਹੋਵੇਗੀ।

**Sikh Council UK - c/o Sikh Community & Youth Services (SCYS), 203 Ilkeston Road, Radford, Nottingham. NG7 3FW**
Tel: **0115 9158834/6** Email: **info@sikhcounciluk.org** Website: **www.sikhcounciluk.org**

ਸੰਗਤਾਂ ਮੁਤਾਬਿਕ ਇਸ ਸਮੇਂ ਦੋ ਸਿੱਖ ਟੀ ਵੀ ਚੈਨਲਾਂ ਵਿਚ ਮੁਕਾਬਲੇ ਅਤੇ ਟਕਰਾਓ ਦਾ ਜੋ ਮਹੌਲ ਹੈ ਇਸ ਸਬੰਧੀ ਸਿੱਖ ਕੌਂਸ਼ਲ ਨੂੰ ਹੱਲ ਕੱਢਣ ਲਈ ਕਿਹਾ ਗਿਆ ਹੈ। ਇਹਨਾਂ ਚੈਨਲਾਂ ਤੇ ਇਸ ਸਮੇਂ ਚਲ ਰਹੇ ਡਿਸਕਸ਼ਨ ਪ੍ਰੋਗ੍ਰਾਮਾਂ ਨਾਲ ਹੁਣ ਤਕ ਭਾਈਚਾਰਕ ਏਕਤਾ ਅਤੇ ਇੱਕਸਾਰਤਾ ਲਈ ਸਾਡੇ ਸੀਨੀਅਰ ਮੈਂਬਰਾਂ ਵਲੋਂ ਕੀਤੀ ਗਈ ਸਖਤ ਮਿਹਨਤ ਤੇ ਪਾਣੀ ਫਿਰ ਰਿਹਾ ਹੈ।
ਦੋਹਾਂ ਪੱਖਾਂ ਵਿਚ ਚਲ ਰਹੀ ਬਹਿੰਸ ਨੂੰ ਸੁਣਨ ਉਪਰੰਤ ਸਿੱਖ ਕੌਂਸਲ ਨੇ ਭਾਈਚਾਰੇ ਦੀ ਬਿਹਤਰੀ ਲਈ ਆਪਣਾਂ ਨਜ਼ਰੀਆ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਅਹਿਸਾਸ ਹੈ ਕਿ ਇਹ ਨਜ਼ਰੀਆ ਕਿਸੇ ਧਿਰ ਨੂੰ ਨਾਮੁਆਫਿਕ ਹੋ ਸਕਦਾ ਹੈ ਅਤੇ ਇਸ ਵਾਸਤੇ ਅਸੀਂ ਖਿਮਾਂ ਦੇ ਜਾਚਕ ਹਾਂ ਜੀ। ਸਿੱਖ ਕੌਂਸਲ ਵਾਸਤੇ ਇਹ ਅਹਿਮ ਹੈ ਕਿ ਉਹ ਹਰਗਿਜ਼ ਹੀ ਕਿਸੇ ਵੀ ਧਿਰ ਦੇ ਪੱਖਪਾਤ ਵਿਚ ਜਾਂ ਕਿਸੇ ਸਬੰਧਤ ਧੜੇ ਦੇ ਅਸਰ ਹੇਠ ਦਿਖਾਈ ਨਾਂ ਦੇਵੇ।

ਹੁਣ ਦੇ ਹਾਲਾਤ
੨੫ ਸਤੰਬਰ ਦੇ ਮਸਲੇ ਦੇ ਹੱਲ ਸਬੰਧੀ ਸੋਮਵਾਰ ੧੯ ਸਤੰਬਰ ੨੦੧੧ ਨੂੰ ਐਡਵਰਡ ਸਟਰੀਟ, ਵੈਸਟਬਰਾਮਵਿਚ ਵਿਚ ਸਿੱਖ ਜਥੇਬੰਦੀਆਂ ਦੇ ਆਗੂਆਂ ( ਜਿਹਨਾਂ ਵਿਚ ਕੁਝ ਸਿੱਖ ਕੌਂਸਲ ਦੇ ਮੈਂਬਰ ਵੀ ਸ਼ਾਮਲ ਸਨ), ਸਿੱਖ ਚੈਨਲ ਦੇ ਸੰਚਾਲਕਾਂ ਅਤੇ ਅਖਿਰ ਤੇ ਸ਼ਾਮਲ ਹੋਏ ਸੰਗਤ ਟੀ ਵੀ ਦੇ ਟਰਸਟੀ ਦਰਮਿਆਨ ਇੱਕ ਹੰਗਾਮੀ ਮੀਟਿੰਗ ਕੀਤੀ ਗਈ । ਬਦਕਿਸਮਤੀ ਨਾਲ ਸਿੱਖ ਚੈਨਲ ਦੇ ਟਰਸਟੀਆਂ ਵਲੋਂ ਇੱਕ ਜਾਂਇੰਟ ਸਟੇਟਮੈਂਟ ਤੇ ਦਸਤਖਤ ਕਰਨ ਉਪਰੰਤ ਵੀ ਉਹ ਉਸ ਪ੍ਰਤੀ ਪਾਬੰਦ ਨਾਂ ਹੋ ਸਕੇ। ਇਸ ਸਮਝੌਤੇ ਅਨੁਸਾਰ ਸਿੱਖ ਕੌਂਸਲ ਯੂ ਕੇ ਨੂੰ ਇਹ ਜ਼ਿੰਮੇਵਾਰੀ ਦਿੱਤੀ ਜਾਣੀ ਸੀ ਕਿ ਉਹ ਭਵਿੱਖ ਵਿਚ ਸਿੱਖ ਮੀਡੀਏ ਅਤੇ ਸਿੱਖ ਜਥੇਬੰਦੀਆਂḲਸੰਸਥਾਵਾਂ ਦੇ ਰੋਲ ਸਬੰਧੀ ਅਸੂਲ ਤਹਿ ਕਰੇ। ਜਿਵੇਂ ਕਿ ਪਹਿਲਾਂ ਜਿਕਰ ਕੀਤਾ ਹੈ ਕਿ ਇਹਨਾਂ ਅਸੂਲਾਂ ਵਿਚ ਪ੍ਰਮੁਖਤਾ ਇਸ ਗੱਲ ਦੀ ਸੀ ਕਿ ਜਿਹਨਾਂ ਮਜਾਹਰਿਆਂ ਦਾ ਅਸਰ ਸਾਰੇ ਸਿੱਖ ਭਾਈਚਾਰੇ ਤੇ ਪੈਣਾਂ ਹੈ ਉਹਨਾਂ ਨੂੰ ਤਹਿ ਕਰਨ ਦਾ ਅਧਿਕਾਰ ਸਿੱਖ ਜਥੇਬੰਦੀਆਂ ਨੂੰ ਹੋਣਾਂ ਚਾਹੀਦਾ ਹੈ ਨਾਂ ਕਿ ਮੀਡੀਏ ਨੂੰ। ਜੇਕਰ ਸਾਰੀਆਂ ਧਿਰਾਂ ਇਸ ਅਹਿਦਨਾਮੇ ਤੇ ਸਹਿਮਤ ਹੋ ਜਾਂਦੀਆਂ ਤਾਂ ੨੫ ਸਤੰਬਰ ਦੇ ਪ੍ਰੋਗ੍ਰਾਮ ਸਬੰਧੀ ਕਿਸੇ ਵੀ ਜਥੇਬੰਦੀ ਜਾਂ ਟੀ ਵੀ ਚੈਨਲ ਵਲੋਂ ਕੋਈ ਵੀ ਨੁਕਤਾਚੀਨੀ ਜਾਂ ਵਿਰੋਧ ਨਹੀਂ ਸੀ ਹੋਣਾਂ।
ਇਸ ਇਕੱਤਰਤਾ ਦੇ ਮੱਦੇ ਨਜ਼ਰ ਸਿੱਖ ਕੌਂਸਲ ਦੀ ਪੁਜੀਸ਼ਨ—
1) ਸਿੱਖ ਮੀਡੀਏ ਵਲੋਂ ਭਾਈਚਾਰੇ ਨੂੰ ਜੋੜਨ ਦੀ ਬਜਾਏ ਤੋੜਨ ਦੇ ਅਮਲਾਂ ਸਬੰਧੀ ਸਿੱਖ ਕੌਂਸਲ ਬਹੁਤ ਨਿਰਉਤਸ਼ਾਹਤ ਹੋਈ ਹੈ। ਸਾਡੀ ਬੇਨਤੀ ਹੈ ਕਿ ਭਵਿੱਖ ਵਿਚ ਇਹ ਮੀਡੀਆ ਆਪਣੇ ਨਿੱਜੀ ਹਿੱਤਾਂ ਨਾਲੋਂ ਪੰਥਕ ਹਿੱਤਾਂ ਨੂੰ ਪਹਿਲ ਦਿੰਦੇ ਹੋਏ ਜ਼ਿੰਮੇਵਾਰੀ ਨਾਲ ਕੰਮ ਕਰੇ। ਹੁਣ ਵਰਗੀ ਕਿਸੇ ਵੀ ਹੋਰ ਮੰਦਭਾਗੀ ਸਥਿਤੀ ਤੋਂ ਬਚਣ ਲਈ ਸਿੱਖ ਕੌਂਸਲ ਦੋਹਾਂ ਧਿਰਾਂ ਅਤੇ ਪ੍ਰਮੁਖ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਸਿੱਖ ਮੀਡੀਏ ਲਈ ਦਿਸ਼ਾ ਨਿਰਦੇਸ਼ ਤਹਿ ਕਰਨ ਲਈ ਸਾਲਸ ਬਣਨ ਲਈ ਤਿਆਰ ਹੈ। ਅਜੋਕੇ ਹਾਲਤਾਂ ਵਿਚ ਟੀ ਵੀ ਮੀਡੀਏ ਨੇ ਜਿਸ ਤਰੀਕੇ ਨਾਲ ਇਸ ਮੁੱਦੇ ਨੂੰ ਚੁੱਕਿਆ ਹੈ ਉਸ ਨਾਲ ਇਕ ਆਮ ਸਿੱਖ ਬੁਰੀ ਤਰਾਂ ਨਾਲ ਪਾਟੋਧਾੜ ਦਾ ਸ਼ਿਕਾਰ ਹੋ ਗਿਆ ਹੈ ਅਤੇ ਬਹੁਤ ਗੰਭੀਰ ਖਤਰਾ ਹੈ ਕਿ ਭਵਿੱਖ ਵਿਚ ਇਹ ਰੁਝਾਨ ਸਾਡੇ ਭਾਈਚਾਰਕ ਸਬੰਧਾਂ ਨੂੰ ਬੁਰੀ ਤਰਾਂ ਨਾਲ ਤਹਿਸ ਨਹਿਸ ਕਰ ਦੇਣਗੇ।
2) ਇਸ ਤਰਾਂ ਦੇ ਮੁਜਾਹਰੇ ਦੀ ਲੋੜ ਸਬੰਧੀ ਸਿੱਖ ਚੈਨਲ ਨੂੰ ਉਹਨਾਂ ਪ੍ਰਮੁਖ ਜਥੇਬੰਦੀਆਂ ਦੀ ਰਾਏ ਲੈਣੀ ਜਰੂਰੀ ਸੀ ਜੋ ਕਿ ਹੁਣ ਤਕ ਦਸਤਾਰ ਦੇ ਮੁੱਦੇ ਤੇ ਯੂ ਕੇ ਜਾਂ ਯੂਰਪ ਲੈਵਲ ਤੇ ਸਰਕਾਰੀ ਸੰਸਥਾਵਾਂ ਨਾਲ ਕੰਮ ਕਰ ਰਹੀਆਂ ਹਨ। ਜੇਕਰ ਕਿਸੇ ਕਿਸਮ ਦੇ ਮੁਜਾਹਰੇ ਦੀ ਲੋੜ ਹੁੰਦੀ ਵੀ ਤਾਂ ਉਸ ਦੀ ਅਗਵਾਈ ਸਿੱਖ ਕੌਂਸਲ ਜਾਂ ਹੋਰ ਸਿੱਖ ਜਥੇਬੰਦੀਆਂ ਵਲੋਂ ਹੀ ਕਰਨੀ ਬਣਦੀ ਸੀ।
3) ਜਿਸ ਪੱਧਰ ਤੇ ਇਸ਼ਤਹਾਰ ਬਾਜੀ ਹੋ ਚੁੱਕੀ ਹੈ ਅਤੇ ਗੈਰ ਸਿੱਖਾਂ ਨੂੰ ਵੀ ਨਿਮਾਂਤਰਤ ਕੀਤਾ ਗਿਆ ਹੈ (ਬਹੁਤ ਸਾਰੇ ਗੁਰਦੁਆਰਿਆਂ ਨੇ ਕੋਚਾਂ ਬੁੱਕ ਕਰ ਲਈਆਂ ਹਨ), ਇਸ ਦੇ ਮੱਦੇ ਨਜ਼ਰ ਇਸ ਪ੍ਰੋਗ੍ਰਾਮ ਨੂੰ

Sikh Council UK - c/o Sikh Community & Youth Services (SCYS), 203 Ilkeston Road, Radford, Nottingham. NG7 3FW
Tel: 0115 9158834/6 Email: info@sikhcounciluk.org Website: www.sikhcounciluk.org

ਕੈਂਸਲ ਕਰਨਾ ਮੁਨਾਸਿਬ ਨਹੀਂ ਦਿਸਦਾ। ਇਸ ਲੇਟ ਸਟੇਜ ਤੇ ਸਿੱਖ ਕੌਂਸਲ ਇਸ ਦੀ ਅਗਵਾਈ ਕਰਨ ਲਈ ਤਿਆਰ ਨਹੀਂ ਹੈ ਪਰ ਪੰਥਕ ਵਿਕਾਰ ਅਤੇ ਏਕਤਾ ਦੀ ਖਾਤਿਰ ਸਿੱਖ ਕੌਂਸਲ ਸਿੱਖ ਚੈਨਲ ਵਲੋਂ ਇਸ ਮੁਜ਼ਾਹਰੇ ਜਾਂ ਵਿਖਾਵੇ ਦੀ ਬਜਾਏ ਦਸਤਾਰ ਅਵੇਅਰਨੈਸ ਜਾਂ ਦਸਤਾਰ ਸੈਲੀਬਰੇਸ਼ਨ ਵਿਚ ਬਦਲਣ ਦੇ ਯਤਨਾਂ ਵਿਚ ਮੱਦਤ ਕਰਨ ਨੂੰ ਤਿਆਰ ਹੈ। ਬਦਕਿਸਮਤੀ ਨਾਲ ਸਮੇਂ ਦੀ ਘਾਟ ਹੋਣ ਕਾਰਨ ਅਤੇ ਹੋਰ ਰੁਝੇਵਿਆਂ ਦੇ ਹੁੰਦੇ ਹੋਏ ਅਸੀਂ ਇਸ ਪ੍ਰੋਗ੍ਰਾਮ ਵਿਚ ਪੂਰੀ ਤਰਾਂ ਨਾਲ ਸ਼ਾਮਲ ਨਹੀਂ ਹੋ ਸਕਾਂਗੇ।

4) ਸਿੱਖ ਕੌਂਸਲ ਅਤੇ ਹੋਰਨਾਂ ਨੇ ਸਿੱਖ ਵਿਕਾਰ ਨੂੰ ਵੱਟਾ ਲੱਗਣ ਤੋਂ ਬਚਾਓ ਕਰਨ ਅਤੇ ਸਿੱਖ ਭਾਈਚਾਰੇ ਵਿਚ ਏਕਤਾ ਬਣਾਈ ਰੱਖਣ ਲਈ ਪੂਰੀ ਵਾਹ ਲਾਈ ਹੈ। ੨੫ ਸਤੰਬਰ ਦੇ ਮੁਜਾਹਰੇ ਵਿਚ ਸ਼ਾਮਲ ਹੋਣਾਂ ਜਾਂ ਨਾਂ ਹੋਣਾਂ ਸਿੱਖ ਕੌਂਸਲ ਨਾਲ ਸਬੰਧਤ ਜਥੇਬੰਦੀਆਂ ਅਤੇ ਸੰਸਥਾਵਾਂ ਦੀ ਆਪਣੀ ਮਰਜ਼ੀ ਤੇ ਨਿਰਭਰ ਹੈ। ਇਹ ਬਹੁਤ ਮਹੱਤਵ ਪੂਰਨ ਹੈ ਕਿ ਲੋਕਾਂ ਅਤੇ ਯੂਰਪੀਅਨ ਮੀਡੀਏ ਵਿਚ ਸਿੱਖਾਂ ਦਾ ਮਾਣ ਸਤਿਕਾਰ ਅਤੇ ਵਿਕਾਰ ਬਣਾਈ ਰੱਖਣ ਲਈ ਸੰਦੇਸ਼ ਦੀ ਸਪੱਸ਼ਟਤਾ ਅਤੇ ਸਾਫਗੋਈ ਹੋਣੀ ਬਹੁਤ ਜ਼ਰੂਰੀ ਹੈ।

ਅਖੀਰ ਤੇ ਅਸੀਂ ਭਾਈਚਾਰੇ ਨੂੰ ਸਾਡੇ ਨਾਲ ਖੜ੍ਹਨ ਦੀ ਬੇਨਤੀ ਕਰਦੇ ਹਾਂ । ਅਸੀਂ ਸਖਤ ਫੈਸਲੇ ਕਰਨ ਦੇ ਸਮਰਥ ਹਾਂ ਭਾਵੇਂ ਕਿ ਉਹ ਕਿੰਨੇ ਹੀ ਗੈਰ ਅਨੁਕੂਲ ਹੋਣ। ਭਾਵੇਂ ਕਦੀ ਅਸੀਂ ਵੀ ਗਲਤੀਆਂ ਕਰ ਸਕਦੇ ਹਾਂ ਪਰ ਸਾਡਾ ਮਨਸ਼ਾ ਅਤੇ ਮਨੋਰਥ ਸਿੱਖ ਭਾਈਚਾਰੇ ਦੀ ਬਿਹਤਰੀ ਲਈ ਯਤਨਸ਼ੀਲ ਹੋਣ ਦਾ ਹੈ।

ਗੁਰਮੇਲ ਸਿੰਘ ਸੈਕਟਰੀ ਜਨਰਲ ਸਿੱਖ ਕੌਂਸਲ ਯੂ ਕੇ

Sikh Council UK - c/o Sikh Community & Youth Services (SCYS), 203 Ilkeston Road, Radford, Nottingham. NG7 3FW
Tel: 0115 9158834/6 Email: info@sikhcounciluk.org Website: www.sikhcounciluk.org